ਓਨਟਾਰੀਓ ਚਾਈਲਡ ਬੈਨਿਫ਼ਿਟ

The Ontario Child Benefit is a provincial program to help families with low incomes provide for their children. If you have children and are in a low income family, you may qualify for this benefit.

ਓਨਟਾਰੀਓ ਚਾਈਲਡ ਬੈਨਿਫ਼ਿਟ (Ontario Child Benefit), ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਵਿੱਚ ਘੱਟ ਆਮਦਨੀ ਵਾਲੇ ਪਰਿਵਾਰਾਂ ਦੀ ਮਦਦ ਕਰਨ ਲਈ ਇੱਕ ਸੂਬਾਈ ਪ੍ਰੋਗਰਾਮ ਹੈ।
ਜੇ ਤੁਹਾਡੇ ਬੱਚੇ ਹਨ ਅਤੇ ਤੁਸੀਂ ਘੱਟ ਆਮਦਨੀ ਵਾਲੇ ਪਰਿਵਾਰ ਵਿੱਚ ਰਹਿ ਰਹੇ ਹੋ ਤਾਂ ਤੁਸੀਂ ਇਸ ਬੈਨਿਫਿਟ ਦੇ ਯੋਗ ਹੋ ਸਕਦੇ ਹੋ।

**Ontario Child Benefit eligibility checklist**
ਓਨਟਾਰੀਓ ਚਾਈਲਡ ਬੈਨਿਫ਼ਿਟ (Ontario Child Benefit) ਲਈ ਯੋਗਤਾ ਜਾਂਚ-ਸੂਚੀ
Depending on your family income, you may qualify for the Ontario Child Benefit if you:
ਤੁਹਾਡੇ ਪਰਿਵਾਰ ਦੀ ਆਮਦਨ 'ਤੇ ਨਿਰਭਰ ਕਰਦੇ ਹੋਏ, ਤੁਸੀਂ ਸ਼ਾਇਦ ਓਨਟਾਰੀਓ ਚਾਈਲਡ ਬੈਨਿਫ਼ਿਟ (Ontario Child Benefit) ਲਈ ਯੋਗਤਾ ਪੂਰੀ ਕਰ ਸਕਦੇ ਹੋ, ਜੇ:

- have a child under age 18
- are a resident of Ontario
- have filed your income tax return, and so has your spouse or common-law partner
- are registered for the federal Canada Child Tax Benefit.

- ਤੁਹਾਡਾ 18 ਸਾਲ ਤੋਂ ਘੱਟ ਉਮਰ ਦਾ ਬੱਚਾ ਹੈ
- ਤੁਸੀਂ ਓਨਟਾਰੀਓ ਦੇ ਵਸਨੀਕ ਹੋ
- ਤੁਸੀਂ, ਅਤੇ ਤੁਹਾਡੇ ਪਤੀ/ਪਤਨੀ ਜਾਂ ਕਾਮਨ ਲਾ ਪਾਰਟਨਰ ਨੇ ਆਪਣੀ ਇਨਕਮ ਟੈਕਸ ਰਿਟਰਨ ਭਰੀ ਹੈ
- ਤੁਸੀਂ ਫ਼ੈਡਰਲ ਕੈਨੇਡਾ ਚਾਈਲਡ ਟੈਕਸ ਬੈਨਿਫ਼ਿਟ (Canada Child Tax Benefit) ਲਈ ਰਜਿਸਟਰਡ ਹੋ।

**How does the program work?**
ਪ੍ਰੋਗਰਾਮ ਕਿਵੇਂ ਕੰਮ ਕਰਦਾ ਹੈ?

You don't have to apply for the Ontario Child Benefit. You will automatically be considered as long as you and your spouse or common-law partner have filed your annual income tax returns. The income reported on your yearly tax return will be used to calculate the amount you receive. You will also need to be registered for the federal Canada Child Tax Benefit.
ਤੁਹਾਨੂੰ ਓਨਟਾਰੀਓ ਚਾਈਲਡ ਬੈਨਿਫ਼ਿਟ (Ontario Child Benefit) ਲਈ ਅਰਜ਼ੀ ਨਹੀਂ ਦੇਣੀ ਪੈਂਦੀ। ਜਦ ਤਕ ਤੁਸੀਂ ਅਤੇ ਤੁਹਾਡੇ ਪਤੀ/ਪਤਨੀ ਜਾਂ ਕਾਮਨ-ਲਾ ਪਾਰਟਨਰ ਨੇ ਆਪਣੀਆਂ ਸਲਾਨਾ ਇਨਕਮ ਟੈਕਸ ਰਿਟਰਨਾਂ ਭਰੀਆਂ ਹਨ, ਤੁਹਾਡੇ ਨਾਂ 'ਤੇ ਆਪਣੇ-ਆਪ ਹੀ ਵਿਚਾਰ ਕਰ ਲਿਆ ਜਾਵੇਗਾ। ਤੁਹਾਡੀ ਸਲਾਨਾ ਟੈਕਸ ਰਿਟਰਨ ਵਿੱਚ ਦਰਸਾਈ ਗਈ ਆਮਦਨੀ ਤੁਹਾਨੂੰ ਮਿਲਣ ਵਾਲੀ ਰਕਮ ਦਾ ਹਿਸਾਬ ਲਗਾਉਣ ਲਈ ਵਰਤੀ ਜਾਵੇਗੀ। ਤੁਹਾਨੂੰ ਫ਼ੈਡਰਲ ਕੈਨੇਡਾ ਦੇ ਚਾਈਲਡ ਟੈਕਸ ਬੈਨਿਫ਼ਿਟ (Canada Child Tax Benefit) ਲਈ ਵੀ ਰਜਿਸਟਰਡ ਹੋਣ ਦੀ ਲੋੜ ਹੋਵੇਗੀ।

[Panel 3]
**How much will I receive?**
ਮੈਨੂੰ ਕਿੰਨੀ ਰਕਮ ਮਿਲੇਗੀ?

If you qualify, the amount you receive will be determined by the number of children you have under age 18 and your family net income as assessed by the Canada Revenue Agency.

ਜੇ ਤੁਸੀਂ ਯੋਗਤਾ ਪੂਰੀ ਕਰਦੇ ਹੋ, ਤਾਂ ਤੁਹਾਨੂੰ ਮਿਲਣ ਵਾਲੀ ਰਕਮ ਤੁਹਾਡੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਗਿਣਤੀ ਅਤੇ ਕੈਨੇਡਾ ਰੈਵਿਨਿਊ ਏਜੰਸੀ (Canada Revenue Agency) ਦੁਆਰਾ ਕੀਤੇ ਗਏ ਮੁਲਾਂਕਣ ਅਨੁਸਾਰ ਤੁਹਾਡੀ ਨਿਰੋਲ ਪਰਿਵਾਰਕ ਆਮਦਨੀ ਦੇ ਅਧਾਰ 'ਤੇ ਤੈਅ ਕੀਤੀ ਜਾਵੇਗੀ।

For example, if you have two children and a family net income of $25,000, you could receive a total monthly payment of about $67 from July 2008 to June 2009. This would grow to about $150 a month when the program is fully in place in July 2011.

ਉਦਾਹਰਨ ਲਈ, ਜੇਕਰ ਤੁਹਾਡੇ ਦੋ ਬੱਚੇ ਹਨ ਅਤੇ ਤੁਹਾਡੀ ਨਿਰੋਲ ਪਰਿਵਾਰਕ ਆਮਦਨੀ $25,000 ਹੈ, ਤਾਂ ਤੁਹਾਨੂੰ ਜੁਲਾਈ 2008 ਤੋਂ ਜੂਨ 2009 ਤਕ ਲਗਭਗ $67 ਦਾ ਇੱਕ ਮਹੀਨੇਵਾਰ ਭੁਗਤਾਨ ਮਿਲ ਸਕਦਾ ਹੈ। ਜੁਲਾਈ 2011 ਵਿੱਚ ਪ੍ਰੋਗਰਾਮ ਦੇ ਪੂਰੀ ਤਰ੍ਹਾਂ ਨਾਲ ਲਾਗੂ ਹੋ ਜਾਣ 'ਤੇ ਇਹ ਰਕਮ ਵੱਧ ਕੇ ਲਗਭਗ $150 ਪ੍ਰਤੀ ਮਹੀਨਾ ਤਕ ਪਹੁੰਚ ਜਾਵੇਗੀ।

**Need more information on the Ontario Child Benefit?**
**ਕੀ ਤੁਹਾਨੂੰ ਓਨਟਾਰੀਓ ਚਾਈਲਡ ਬੈਨਿਫ਼ਿਟ (Ontario Child Benefit) ਬਾਰੇ ਵਧੇਰੇ ਜਾਣਕਾਰੀ ਚਾਹੀਦੀ ਹੈ?**

You can find out more online at www.ontario.ca/childbenefit
ਤੁਸੀਂ ਵਧੇਰੇ ਜਾਣਕਾਰੀ www.ontario.ca/childbenefit 'ਤੇ ਆਨਲਾਈਨ ਲੈ ਸਕਦੇ ਹੋ।

For general information about the Ontario Child Benefit, call toll-free at:

ਓਨਟਾਰੀਓ ਚਾਈਲਡ ਬੈਨਿਫ਼ਿਟ (Ontario Child Benefit) ਬਾਰੇ ਆਮ ਜਾਣਕਾਰੀ ਲਈ ਇਸ ਟੋਲ-ਫ਼੍ਰੀ ਨੰਬਰ 'ਤੇ ਫ਼ੋਨ ਕਰੋ:
1-866-821-7770
TTY 1-800-387-5559

Contact the **Canada Revenue Agency** toll-free for specific questions about your payment at:

ਤੁਸੀਂ ਆਪਣੇ ਭੁਗਤਾਨਾਂ ਬਾਰੇ ਵਿਸ਼ੇਸ਼ ਪ੍ਰਸ਼ਨ ਪੁੱਛਣ ਲਈ **ਕੈਨੇਡਾ ਰੈਵਿਨਿਊ ਏਜੰਸੀ (Canada Revenue Agency)** ਨਾਲ ਇਸ ਟੋਲ-ਫ਼੍ਰੀ ਨੰਬਰ 'ਤੇ ਵੀ ਸੰਪਰਕ ਕਰ ਸਕਦੇ ਹੋ:
1-800-387-1193.
TTY 1-800-665-0354

**Other Resources:**
ਦੂਸਰੇ ਸ੍ਰੋਤ:

Need help filing for your taxes?

ਆਪਣੇ ਟੈਕਸ ਭਰਨ ਵਿੱਚ ਮਦਦ ਚਾਹੀਦੀ ਹੈ?

You can contact the Canada Revenue Agency by calling 1-800-959-8281 or visiting www.cra.gc.ca/forms for tax packages and more information.

ਤੁਸੀਂ ਕੈਨੇਡਾ ਰੈਵਿਨਿਊ ਏਜੰਸੀ (Canada Revenue Agency) ਨਾਲ ਸੰਪਰਕ ਕਰਨ ਲਈ 1-800-959-8281 'ਤੇ ਫ਼ੋਨ ਕਰ ਸਕਦੇ ਹੋ ਜਾਂ ਫਿਰ ਟੈਕਸ ਪੈਕੇਜ਼ਾਂ ਦੇ ਫ਼ਾਰਮਾਂ ਅਤੇ ਵਧੇਰੇ ਜਾਣਕਾਰੀ ਲਈ www.cra.gc.ca/forms 'ਤੇ ਜਾ ਸਕਦੇ ਹੋ।

**Need information on the Canada Child Tax Benefit?**

**ਕੀ ਤੁਹਾਨੂੰ ਕੈਨੇਡਾ ਦੇ ਚਾਈਲਡ ਟੈਕਸ ਬੈਨਿਫ਼ਿਟ (Canada Child Tax Benefit) ਬਾਰੇ ਵਧੇਰੇ ਜਾਣਕਾਰੀ ਚਾਹੀਦੀ ਹੈ?**

If you haven't registered for the federal Canada Child Tax Benefit, you can contact the Canada Revenue Agency at 1-800-387-1193 or visit www.cra-arc.gc.ca/benefits/cctb for more information.

ਜੇ ਤੁਸੀਂ ਫ਼ੈਡਰਲ ਕੈਨੇਡਾ ਦੇ ਚਾਈਲਡ ਟੈਕਸ ਬੈਨਿਫ਼ਿਟ (Canada Child Tax Benefit) ਲਈ ਰਜਿਸਟਰਡ ਨਹੀਂ ਹੋ ਤਾਂ ਤੁਸੀਂ ਕੈਨੇਡਾ ਰੈਵਿਨਿਊ ਏਜੰਸੀ (Canada Revenue Agency) ਨਾਲ 1-800-387-1193 'ਤੇ ਸੰਪਰਕ ਕਰ ਸਕਦੇ ਹੋ ਜਾਂ ਫਿਰ ਵਧੇਰੇ ਜਾਣਕਾਰੀ ਲਈ www.cra-arc.gc.ca/benefits/cctb 'ਤੇ ਜਾ ਸਕਦੇ ਹੋ।